# Jyoti B.Ed. College Rampura, Fazilka

## Print Material

Subject :- Guidance & Counselling

Subject Code :- F - 4.2

Class :- B.Ed.

Session :- 2018-20 (Sem:- 4th)

Unit :- II (Part-C)

Topic :- Role of Head master in Guidance Services

Teacher's Name :-

S. Gurpreet Singh

Scanned with CamScanner

ਅਗਵਾਈ ਦੀ ਉਮਰ ਸਮਾਜ ਜਿੰਨੀ ਹੀ ਹੈ। ਅੱਜਕੱਲ੍ਹ ਇਸਦੀ ਮਹੱਤਤਾ ਦਿਨੋ-ਦਿਨ ਵੱਧਦੀ ਜਾ ਰਹੀ ਹੈ। ਹੁਣ-ਹੁਣ ਮਹਿਸੂਸ ਕੀਤਾ ਗਿਆ ਹੈ ਕਿ ਅਗਵਾਈ ਦੀ ਸਿੱਖਿਆ ਵਿੱਚ ਮੁੱਖ ਵਸਤੂ ਹੈ। ਹੁਣ ਅਗਵਾਈ ਨੂੰ ਅਮਲੀ ਮਨੋਵਿਗਿਆਨਿਕ ਦੀਆਂ ਕਿਸਮਾਂ ਵਿੱਚੋਂ ਇੱਕ ਸਮਝਿਆ ਜਾਂਦਾ ਹੈ। ਇਹ ਵਿਅਕਤੀ ਨੂੰ ਸਿੱਖਿਆ ਕਿੱਤਾ ਤੇ ਮਨੋਵਿਗਿਆਨਿਕ ਹੱਲ ਕਰਨ ਵਿੱਚ ਸਹਾਇਤਾ ਦਿੰਦੀ ਹੈ।

**Meaning of Guidance** :- 'To Guide' ਦਾ ਮਤਲਬ ਹੈ ਪ੍ਰਗਟ ਕਰਨਾ, ਇਸ਼ਾਰਾ ਕਰਨਾ ਜਾਂ ਰਸਤਾ ਦਿਖਾਉਣਾ। ਇਸ ਲਈ ਇੱਕ ਪ੍ਰਕਾਰ ਦੀ ਮਦਦ ਜਾਂ ਸੁਝਾਅ ਹੈ।

'To Steer' ਇੱਕ ਵਾਕੰਸ਼ ਹੈ ਜਿਹੜਾ ਆਰੰਭ ਵਿੱਚ ਜਹਾਜ਼ ਨੂੰ ਚੱਪੂ ਨਾਲ ਚਲਾਉਣ ਦੇ ਅਮਲ ਦਾ ਪਤਾ ਦਿੰਦਾ ਹੈ ਤੇ ਇਸ ਤਰ੍ਹਾਂ ਇਹ ਅਗਵਾਈ ਤੇ ਭਿੰਨ-ਭਿੰਨ ਜਹਾਜ਼ ਚਲਾਉਣ ਤਾਂ ਲਗਭਗ ਇੱਕ ਸਵੈਚਾਲਕ ਜਾਂ ਮਸ਼ੀਨੀ ਅਮਲ ਹੈ।

**Specific Meaning** :- ਮਨੋਵਿਗਿਆਨ ਤੇ ਸਿੱਖਿਆ ਦੇ ਖੇਤਰ ਵਿੱਚ ਅਗਵਾਈ ਕਿਸੇ ਵਿਅਕਤੀ ਦੀ ਮਦਦ ਕਰਨਾ ਜਾਂ ਉਸਨੇ ਕਿਸੇ ਸਹੀ ਰਸਤੇ ਬਾਰੇ ਦੱਸਣਾ। ਇਹ ਕਿਸੇ ਵਿਅਕਤੀ ਦੀ ਰੁਚੀ ਨੂੰ ਜਾਣਨਾ ਅਤੇ ਉਸ ਦੀਆਂ ਯੋਗਤਾਵਾਂ, ਸੁਭਾਅ, ਵਤੀਰਿਆਂ, ਰੁਚੀਆਂ ਤੇ ਕੁਦਰਤੀ ਦਾਤਾਂ ਜਾਣਨ ਤੇ ਇਨ੍ਹਾਂ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਲਈ ਮਦਦ ਦੇਣ ਦੀ ਪ੍ਰਕਿਰਿਆ ਹੈ ਤਾਂ ਜੋ ਇਨ੍ਹਾਂ ਤੋਂ ਉਸਨੂੰ ਤੇ ਸਮਾਜ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਹੋਣ। ਜਿਸ ਦੁਆਰਾ ਵਿਅਕਤੀ ਨੂੰ ਸਰੀਰ, ਮਨ, ਸ਼ਖ਼ਸੀਅਤ ਤੇ ਚਰਿੱਤਰ ਦੇ ਵਿਕਾਸ ਵਿੱਚ ਮਦਦ ਮਿਲਦੀ ਹੈ।

**Definitions :-** **ਜੋਨਜ਼ ਦਾ ਵਿਚਾਰ**

"ਅਗਵਾਈ ਵਿਅਕਤੀ ਦੇ ਚਾਲ ਦੀ ਸਵੈ-ਦਿਸ਼ਾ ਵਿਚ ਤਰੱਕੀ ਦਾ ਨਾਂ ਹੈ।"

**ਹੈਂਫਰੀ ਤੇ ਟ੍ਰੈਕਸਲਰ :-**

"ਅਗਵਾਈ ਕਿਸੇ ਵਿਅਕਤੀ ਦੁਆਰਾ ਸਵੈ-ਦਿਸ਼ਾ ਦੀ ਪ੍ਰਾਪਤੀ ਹੈ।"

**ਕ੍ਰੋਅ ਤੇ ਕ੍ਰੋਅ :-**

"ਅਗਵਾਈ ਦਾ ਮੂਲ ਸਿਧਾਂਤ ਕਿਸੇ ਮਾਹਿਰ ਵੱਲੋਂ ਕਿਸੇ ਵਿਅਕਤੀ ਨੂੰ ਦਿੱਤੀ ਗਈ ਮੱਦਦ ਹੈ ਤਾਂ ਜੋ ਉਹ ਵਿਅਕਤੀ ਆਪਣਾ ਦ੍ਰਿਸ਼ਟੀਕੋਣ ਵਿਕਸਿਤ ਕਰਕੇ ਆਪਣੇ ਨਿਰਣੇ ਆਪ ਕਰਕੇ ਤੇ ਉਨ੍ਹਾਂ ਨਿਰਣਿਆਂ ਨੂੰ ਅਮਲੀ ਜਾਮਾ ਪੁਆ ਕੇ, ਆਪਣੇ ਜੀਵਨ ਨੂੰ ਨਵਾਂ ਮੋੜ ਦੇ ਸਕੇ।"

**ਕਿਟਸਨ**

"ਅਗਵਾਈ ਨੂੰ ਵਿਅਕਤੀਗਤ ਸਿੱਖਿਆ ਕਹਿੰਦਾ ਹੈ।"

ਉਪਰੋਕਤ ਪਰਿਭਾਸ਼ਾਵਾਂ ਤੋਂ ਸਾਨੂੰ ਅਗਵਾਈ ਬਾਰੇ ਇਹ ਪਤਾ ਲਗਦਾ ਹੈ ਕਿ ਵਿਆਪਕ ਦ੍ਰਿਸ਼ਟੀ ਅਨੁਸਾਰ ਅਗਵਾਈ ਬੱਚੇ ਨੂੰ ਦਿੱਤੀ ਗਈ ਸਹਾਇਤਾ ਹੈ ਜੋ ਉਸਦੀ ਸ਼ਖਸੀਅਤ ਦੇ ਸਰਬਪੱਖੀ ਵਿਕਾਸ ਵਿਚ ਸਹਾਇਤਾ ਕਰਦਾ ਹੈ। ਇਸ ਧਾਰਨਾ ਅਨੁਸਾਰ ਇਹ ਮੱਦਦ ਸਾਰਿਆਂ ਅਧਿਆਪਕਾਂ, ਸਲਾਹਕਾਰਾਂ, ਸਹਿ ਵਿਦਿਆਰਥੀਆਂ, ਡਾਕਟਰਾਂ, ਵਿੱਤ ਮਾਹਿਰਾਂ, ਸਮਾਜ ਸੇਵਕਾਂ ਜਾਂ ਅਗਵਾਈ ਕਰਤਾ ਦੁਆਰਾ ਦਿੱਤੀ ਜਾ ਸਕਦੀ ਹੈ।

Scanned with CamScanner

ਸਕੂਲ ਵਿੱਚ ਅਗਵਾਈ ਸੇਵਾ ਦੇ ਸੰਗਠਨ ਦੀ ਬਹੁਤ ਲੋੜ ਹੈ। ਅਗਵਾਈ ਸਕੂਲ ਦੇ ਹਰੇਕ ਪ੍ਰੋਗਰਾਮ ਦਾ ਇੱਕ ਅੰਗ ਹੈ। ਇਹ ਕੋਈ ਅਜਿਹੀ ਚੀਜ਼ ਨਹੀਂ ਜਿਸਨੂੰ ਸਕੂਲ ਦੇ ਆਮ ਜੀਵਨ ਤੋਂ ਅਲੱਗ ਕੀਤਾ ਜਾ ਸਕੇ। ਕਿਉਂਕਿ ਅਗਵਾਈ ਸਕੂਲਾਂ ਵਿੱਚ ਵਿਸ਼ਿਸ਼ਟੀਕ੍ਰਿਤ ਕਾਰਜ ਹੈ, ਇਸ ਲਈ ਵਿਸ਼ਿਸ਼ਟ ਕਰਮਚਾਰੀਆਂ ਦੀ ਲੋੜ ਹੁੰਦੀ ਹੈ। ਇਹਨਾਂ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ - ਸਕੂਲ ਮੁਖੀ, ਸਕੂਲ ਸਲਾਹਕਾਰ, ਸਕੂਲ ਮਨੋਵਿਗਿਆਨੀ ਸਕੂਲ ਦਾ ਸਮਾਜਿਕ ਕਾਰਜਕਰਤਾ, ਸਕੂਲ ਚਿਕਿਤਸਕ, ਬਾਲ ਵਿਕਾਸ ਕਾਰਜਕਰਤਾ, ਪਾਠਕ੍ਰਮ ਵਿਸ਼ੇਸ਼ਗ, ਸਹਾਇਕ ਕਾਰਜਕਰਤਾ ਅਤੇ ਸਕੂਲ ਕਿਰਿਆਵਾਂ ਦਾ ਸੰਯੋਜਕ।

## Meaning of organisation of Guidance Services in schools :-

ਸਕੂਲ ਵਿੱਚ ਅਗਵਾਈ ਸੇਵਾ ਦੇ ਸੰਗਠਨ ਵਿੱਚ ਸਕੂਲ ਦੇ ਮੁਖੀਆ ਨੂੰ ਨਿਗਰਾਨੀ, ਆਯੋਜਨ ਤੇ ਤਾਲਮੇਲ ਤੇ ਕੰਮ ਕਰਨਾ ਚਾਹੀਦਾ ਹੈ। ਇਸ ਤੋਂ ਛੁੱਟ ਇਸ ਵਿੱਚ ਸਾਰਿਆਂ ਅਧਿਆਪਕਾਂ ਤੇ ਅਗਵਾਈ ਮਾਹਿਰਾਂ ਤੇ ਵਿਦਿਆਰਥੀਆਂ ਦੇ ਸਰਿਗਿਆ ਸਹਿਯੋਗ ਦੀ ਲੋੜ ਹੁੰਦੀ ਹੈ।

## Role or functions of the school Head in organising Guidance Programme

ਮੁਖੀਆਂ ਸਕੂਲ ਵਿੱਚ ਅਗਵਾਈ ਪ੍ਰੋਗ੍ਰਾਮ ਦਾ ਨੇਤਾ, ਨਿਰਦੇਸ਼ਕ ਅਤੇ ਸੰਯੋਜਕ ਹੁੰਦਾ ਹੈ। ਉਹ ਆਪਣੇ ਸਕੂਲ ਵਿੱਚ ਅਗਵਾਈ ਪ੍ਰੋਗ੍ਰਾਮ ਦਾ ਪ੍ਰਮੁੱਖ ਵਿਅਕਤੀ ਹੁੰਦਾ ਹੈ। ਜਦੋਂ ਤੱਕ ਮੁਖੀਆ ਅਗਵਾਈ ਜਾਂ ਸੱਚੇ ਦਿਲ ਨਾਲ ਮਦਦ ਨਾ ਪ੍ਰਦਾਨ ਕਰੇ,

Scanned with CamScanner

ਕੋਈ ਵੀ ਅਗਵਾਈ ਪ੍ਰੋਗਰਾਮ ਸਫਲ ਨਹੀਂ ਹੋ ਸਕਦਾ। ਅਸਲ ਵਿੱਚ ਇਹ ਅਗਵਾਈ ਸੇਵਾਵਾਂ ਦੇ ਸੰਗਠਨ ਦੀ ਯੋਜਨਾ ਕਰਨ ਅਤੇ ਪ੍ਰਬੰਧ ਕਰਨ ਲਈ ਜ਼ਰੂਰੀ ਅਗਵਾਈ ਪ੍ਰਦਾਨ ਕਰਨ ਲਾਭਦਾਇਕ ਸਥਿਤੀ ਵਿੱਚ ਹੁੰਦਾ ਹੈ।

## ਲੀਡਰਸ਼ਿਪ function :-

**1. ਲੀਡਰਸ਼ਿਪ ਪ੍ਰਦਾਨ ਕਰਨਾ :-**

ਸਕੂਲ ਮੁਖੀ ਦੀ ਜ਼ਿੰਮੇਵਾਰੀ ਹੁੰਦੀ ਹੈ ਵਧੀਆ ਅਗਵਾਈ ਸੇਵਾਵਾਂ ਪ੍ਰਗਤ ਕਰਨ ਲਈ ਲੀਡਰਸ਼ਿਪ ਪ੍ਰਦਾਨ ਕਰਨਾ।

**2. ਸਟਾਫ਼ ਦੀ ਮਦਦ ਕਰਨਾ :-**

ਮੁਖੀ ਅਗਵਾਈ ਪ੍ਰੋਗਰਾਮ ਸੰਬੰਧੀ ਅਤੇ ਵਿਦਿਅਕ ਸਮੱਸਿਆਵਾਂ ਸਮਝਣ ਵਿੱਚ ਘੱਟ ਤੋਂ ਘੱਟ ਆਪਣੇ ਸਕੂਲ ਦੇ ਅਧਿਆਪਕਾਂ ਦੀ ਮਦਦ ਕਰ ਸਕਦਾ ਹੈ। ਇਸਨੂੰ ਵਿਦਿਆਰਥੀਆਂ ਦੀ ਪ੍ਰਗਤੀ ਲਈ ਦਿੱਤੀ ਗਈ ਜ਼ਿੰਮੇਵਾਰੀ ਦਾ ਮਹੱਤਵ ਸਮਝਣ ਵਿੱਚ ਸਟਾਫ਼ ਦੇ ਮੈਂਬਰਾਂ ਦੀ ਮਦਦ ਕਰਨੀ ਚਾਹੀਦੀ ਹੈ।

**3. ਅਗਵਾਈ ਕਮੇਟੀ ਦਾ ਗਠਨ ਕਰਨਾ :-**

ਸਕੂਲ ਮੁਖੀ ਦੀ ਜ਼ਿੰਮੇਵਾਰੀ ਹੈ ਕਿ ਇਹ ਸਕੂਲ ਵਿੱਚ ਅਗਵਾਈ ਕਮੇਟੀ ਦਾ ਗਠਨ ਕਰੇ। ਇਸਨੂੰ ਇਸ ਕਮੇਟੀ ਦਾ ਮੁਖੀਆ ਹੋਣਾ ਚਾਹੀਦਾ ਹੈ। ਕਮੇਟੀ ਦੇ ਸਾਰੇ ਮੈਂਬਰ ਅਗਵਾਈ ਸੇਵਾਵਾਂ ਵਿੱਚ [illegible] ਲੈਂਦੇ ਹਨ।

**4. ਨਿਗਰਾਨੀ :-**

ਇਸਨੂੰ ਅਗਵਾਈ ਸੇਵਾਵਾਂ ਦੇ ਸੰਪੂਰਨ ਪ੍ਰੋਗਰਾਮ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਅਗਵਾਈ ਸੇਵਾਵਾਂ ਦਾ ਪ੍ਰਭਾਵਸ਼ਾਲੀ ਅਗਵਾਈ ਪ੍ਰੋਗਰਾਮ ਦੀ ਸਫ਼ਲਤਾ ਵਿੱਚ ਪਹਿਲਾ ਕਦਮ ਹੈ।

Scanned with CamScanner

Arsh
Date
Page

**5. ਕਰੱਤਵ ਸੌਂਪਣਾ :-** ਸਕੂਲ ਮੁਖੀ ਦੀ ਜ਼ਿੰਮੇਵਾਰੀ ਹੈ ਕਿ ਉਹ ਅਗਵਾਈ ਕਾਰਜ ਕਰਤਾਵਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਸਮਰੱਥਾਵਾਂ ਅਨੁਸਾਰ ਕਾਰਜਾਂ ਦੀ ਵੰਡ ਕਰੇ। ਉਸਨੂੰ ਵਿਦਿਆਰਥੀਆਂ ਦੀ ਅਗਵਾਈ ਪ੍ਰਦਾਨ ਕਰਨ ਲਈ ਫੰਡ ਅਤੇ ਅਨੁਭਵੀ ਅਧਿਆਪਕਾਂ ਦੀ ਚੋਣ ਕਰਨੀ ਚਾਹੀਦੀ ਹੈ।

**6. ਸਮਾਂ ਪ੍ਰਦਾਨ ਕਰਨਾ :-** ਸਕੂਲ ਮੁਖੀ ਦੀ ਜ਼ਿੰਮੇਵਾਰੀ ਹੈ ਕਿ ਉਹ ਅਗਵਾਈ ਕਾਰਜ ਲਈ ਲੋੜੀਂਦਾ ਸਮਾਂ ਪ੍ਰਦਾਨ ਕਰੇ। ਜਿਸ ਤੋਂ ਹੀ ਇਸ ਪ੍ਰੋਗਰਾਮ ਨੂੰ ਸਫਲਤਾ ਮਿਲੇਗੀ। ਹਫਤੇ ਵਿੱਚ ਇੱਕ ਵਾਰੀ ਅਗਵਾਈ ਪ੍ਰੋਗਰਾਮ ਹੋਣਾ ਉਚਿਤ ਨਹੀਂ।

**7. ਵਿੱਤੀ ਪ੍ਰਬੰਧ :-** ਮੁਖੀ ਕੋਲ ਵਿੱਤੀ ਅਧਿਕਾਰ ਹੁੰਦੇ ਹਨ। ਉਸਦੀ ਜ਼ਿੰਮੇਵਾਰੀ ਹੈ ਕਿ ਉਹ ਅਗਵਾਈ ਪ੍ਰੋਗਰਾਮ ਲਈ ਵਿੱਤੀ ਪ੍ਰਬੰਧ ਕਰੇ। ਜਿਸ ਵਿੱਚ ਕੁਸ਼ਲ ਅਧਿਆਪਕ ਦੀ ਤਨਖ਼ਾਹ ਅਤੇ ਸਕੂਲ ਦੇ ਸਾਰੇ ਕਾਰਜ ਪ੍ਰਬੰਧ ਵਿੱਤੀ ਪ੍ਰਬੰਧ ਤੇ ਹੀ ਪੂਰੇ ਹੁੰਦੇ ਹਨ।

**8. ਜਮਾਤ ਦਾ ਛੋਟਾ ਆਕਾਰ :-** ਮੁਖੀ ਨੂੰ ਜਮਾਤ ਸਮੂਹ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜੋ ਇੰਨੀਆਂ ਛੋਟੀਆਂ ਹੋਣ ਕਿ ਅਧਿਆਪਕਾਂ ਲਈ ਹਰੇਕ ਬੱਚੇ ਦਾ ਅਧਿਐਨ ਕਰਨਾ ਅਤੇ ਪ੍ਰਾਪਤ ਕੀਤੀ ਗਈ ਜਾਣਕਾਰੀ ਦਾ ਉਪਯੋਗ ਕਰਨਾ ਸੰਭਵ ਹੋਵੇ।

**9. ਸਕੂਲ ਅਤੇ ਸਮਾਜ ਨੂੰ ਜਾਣੂ ਕਰਵਾਉਣਾ :-** ਮੁਖੀ ਦਾ ਨੈਤਿਕ ਕਰੱਤਵ ਹੈ ਕਿ ਉਹ ਸਕੂਲ ਤੇ ਸਮਾਜ ਨੂੰ ਅਗਵਾਈ ਸੇਵਾਵਾਂ ਬਾਰੇ ਦੱਸੇ। ਉਸਨੂੰ ਸਕੂਲ ਦੇ ਵਿਦਿਆਰਥੀਆਂ ਦੀ ਅਗਵਾਈ ਸੇਵਾਵਾਂ ਦੇ ਪ੍ਰੋਗਰਾਮ ਦੀ ਲੋੜ ਸਮਝਣ ਲਈ ਸਟਾਫ ਅਤੇ ਸਮੁਦਾਇ ਦੀ ਮਦਦ ਕਰਨੀ ਚਾਹੀਦੀ ਹੈ।

Scanned with CamScanner

Arsh
Date
Page

10. **ਮਾਤਾ-ਪਿਤਾ ਨੂੰ ਸ਼ਾਮਲ ਕਰਵਾਉਣਾ :-** ਮੁਖੀ ਦੁਆਰਾ ਅਭਿਭਾਵਕਾਂ ਤੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਅਗਵਾਈ ਪ੍ਰੋਗਰਾਮ ਤੇ ਸ਼ਾਮਲ ਕਰਵਾਇਆ ਜਾਣਾ ਚਾਹੀਦਾ ਹੈ।

11. **ਸਮਦਾਇ ਦੀਆਂ ਸੇਵਾਵਾਂ ਦਾ ਉਪਯੋਗ :-** ਮੁਖੀ ਨੂੰ ਅਗਵਾਈ ਪ੍ਰੋਗਰਾਮ ਵਿੱਚ ਸਮਦਾਇ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਉਪਯੋਗ ਕਰਨਾ ਚਾਹੀਦਾ ਹੈ।

12. **ਅਗਵਾਈ ਸਾਹਿਤ :-** ਮੁਖੀ ਨੂੰ ਅਗਵਾਈ ਪ੍ਰੋਗ੍ਰਾਮ ਵਿੱਚ ਸਮਦਾਇ ਦੀ ਅਗਵਾਈ ਨਾਲ ਸੰਬੰਧਿਤ ਸਾਹਿਤ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਇਸਦੇ ਲਈ ਉਚਿਤ ਫੰਡ ਦੀ ਵਿਵਸਥਾ ਕਰਨੀ ਚਾਹੀਦੀ ਹੈ।

13. **ਅਗਵਾਈ ਕਾਰਜਕਰਤਾਵਾਂ ਦੀ ਸਿਖਲਾਈ :-** ਅਧਿਆਪਕਾਂ ਨੂੰ ਅਗਵਾਈ ਕਾਰਜ ਦੀ ਸਿਖਲਾਈ ਪ੍ਰਦਾਨ ਕਰਨ ਲਈ ਮੁਖੀ ਨੂੰ ਸੇਵਾ ਦੌਰਾਨ ਸਿੱਖਿਆ ਪ੍ਰਾਪਤ ਕਰਨ ਦੀ ਵਿਵਸਥਾ ਕਰਨੀ ਚਾਹੀਦੀ ਹੈ, ਇਸ ਉਦੇਸ਼ ਲਈ ਇਸ ਦੇਸ਼ ਨਾਲ ਜੁੜੇ ਯੋਗ ਅਤੇ ਮਾਹਿਰ ਵਿਅਕਤੀ ਬੁਲਾਉਣੇ ਚਾਹੀਦੇ ਹਨ।

14. **ਉਚਿਤ ਸਹੂਲਤਾਂ :-** ਮੁਖੀ ਦੀ ਜਿੰਮੇਵਾਰੀ ਹੈ ਕਿ ਉਹ ਅਗਵਾਈ ਪ੍ਰੋਗਰਾਮ ਲਈ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਏ ਜਿਵੇਂ ਜ਼ਰੂਰੀ ਸਮਾਨ, ਫਰਨੀਚਰ

15. **ਤਾਲਮੇਲ :-** ਮੁਖੀ ਨੂੰ ਅਨੁਵਰਤੀ ਕਿਰਿਆਵਾਂ ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਪ੍ਰੋਗ੍ਰਾਮ ਦੇ ਸਾਰੇ ਪਹਿਲੂਆਂ ਦਾ ਸਮਨਵਯ ਕਰਨਾ ਚਾਹੀਦਾ ਹੈ,

Scanned with CamScanner

16. **ਸਕੂਲ ਦਾ ਸੁਖਾਵਾਂ ਵਾਤਾਵਰਨ :-**

ਉਸਨੂੰ ਸਕੂਲ ਵਿੱਚ ਅਨੁਕੂਲ ਵਾਤਾਵਰਨ ਪੈਦਾ ਕਰਨਾ ਚਾਹੀਦਾ ਹੈ ਜਿੱਥੇ ਹਰ ਵਿਅਕਤੀ ਨੂੰ ਵਿਸ਼ਵਾਸ ਹੋਵੇ ਕਿ ਉਹ ਅਧਿਆਪਕਾਂ, ਮਾਤਾ-ਪਿਤਾ, ਵਿਦਿਆਰਥੀਆਂ ਅਤੇ ਕਰਮਚਾਰੀਆਂ ਵਿਚਕਾਰ ਮਿੱਤਰਤਾਪੂਰਨ ਅਤੇ ਸੁਖਾਵੇਂ ਮਨੁੱਖੀ ਸੰਬੰਧ ਉਤਸ਼ਾਹਿਤ ਕਰਕੇ ਸਿੱਖ ਰਿਹਾ ਹੈ ਅਤੇ ਵਿਕਸਿਤ ਹੋ ਰਿਹਾ ਹੈ।

17. **ਅਗਵਾਈ ਸੇਵਾਵਾਂ ਪੁਨਰ-ਨਿਰਧਾਰਿਤ ਕਰਨਾ :-**

ਮੁਖੀ ਦੀ ਜ਼ਿੰਮੇਵਾਰੀ ਹੈ ਕਿ ਉਹ ਸਮੇਂ-ਸਮੇਂ ਤੇ ਅਗਵਾਈ ਸੇਵਾਵਾਂ ਦਾ ਪੁਨਰ-ਮੁਲਾਂਕਣ ਅਤੇ ਪੁਨਰ-ਨਿਰਧਾਰਨ ਕਰੇ।

18. **ਸੁਧਾਰ :-**

ਮੁਖੀ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨਾਲ ਸਲਾਹ-ਮਸ਼ਵਰਾ ਕਰਕੇ ਪ੍ਰੋਗਰਾਮ ਵਿੱਚ ਸੁਧਾਰ ਜਾਂ ਪਰਿਵਰਤਨ ਕਰ ਸਕਦਾ ਹੈ।

19. **ਸੂਚਨਾ ਕੇਂਦਰ :-**

ਹੈੱਡ ਨੂੰ ਇੱਕ ਸੂਚਨਾ ਕੇਂਦਰ ਸਥਾਪਿਤ ਕਰਨਾ ਚਾਹੀਦਾ ਹੈ। ਇਸ ਕੇਂਦਰ ਲਈ ਸੂਚਨਾ ਪ੍ਰਾਪਤ ਕਰਨ ਲਈ ਉਸਨੂੰ ਸਟੇਟ ਗਾਈਡੈਂਸ ਬਿਊਰੋ, ਯੂਨੀਵਰਸਿਟੀ ਗਾਈਡੈਂਸ ਬਿਊਰੋ ਨਾਲ ਸੰਪਰਕ ਕਾਇਮ ਕਰਨਾ ਚਾਹੀਦਾ ਹੈ।

20. **ਲਾਇਬ੍ਰੇਰੀ ਸੈਕਸ਼ਨ :-**

ਸਕੂਲ ਲਾਇਬ੍ਰੇਰੀ ਵਿੱਚ ਅਗਵਾਈ ਸਾਹਿਤ ਸੰਬੰਧੀ [illegible] ਪੁਸਤਕਾਂ, ਪੈਂਫਲਟ, ਰਸਾਲੇ ਆਦਿ ਹੋਣੇ ਚਾਹੀਦੇ ਹਨ। ਹੈੱਡ ਨੂੰ ਲਾਇਬ੍ਰੇਰੀ ਸੈਕਸ਼ਨ ਵਿੱਚ ਅਗਵਾਈ ਸੰਬੰਧੀ ਆਧੁਨਿਕਤਮ ਸਾਹਿਤ ਮੰਗਵਾਉਣਾ ਚਾਹੀਦਾ ਹੈ।

21. **ਏਜੰਸੀਆਂ ਨਾਲ ਵਿਚਾਰ ਵਟਾਂਦਰਾ :-**

ਅਗਵਾਈ ਦੇ ਪ੍ਰੋਗਰਾਮ ਨੂੰ ਸਕੂਲ

ਇੱਕ ਸੁਚਾਰੂ ਢੰਗ ਨਾਲ ਚਲਾਉਣ ਲਈ ਸਕੂਲ ਦਾ ਹੈਡ ਯੋਗ ਅਤੇ ਕੁਸ਼ਲ ਕੌਂਸਲਾਂ ਨਾਲ ਸਲਾਹ ਮਸ਼ਵਰਾ ਕਰ ਸਕਦਾ ਹੈ ਅਤੇ ਉਹਨਾਂ ਦਾ ਲਾਭ ਉਠਾ ਸਕਦਾ ਹੈ।

22. **ਸਮੱਸਿਆਵਾਂ ਬਾਰੇ ਵਿਚਾਰ - ਵਟਾਂਦਰਾ :-**

ਉਸਨੂੰ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਸਕੂਲ ਵਿੱਚ ਵਿਚਾਰ - ਵਟਾਂਦਰਾ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ। ਉਸਨੂੰ ਵਿਦਿਆਰਥੀਆਂ ਅਤੇ ਸਾਥੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵੀ ਸਕੂਲ ਵਿੱਚ ਅਵਸਰ ਪ੍ਰਦਾਨ ਕਰਨੇ ਚਾਹੀਦੇ ਹਨ।

23. **ਸਟਾਫ਼ ਮੀਟਿੰਗਾਂ ਅਤੇ ਸੰਮੇਲਨ :-**

ਸਕੂਲ ਹੈਡ ਸਟਾਫ਼ ਮੀਟਿੰਗਾਂ ਅਤੇ ਸੰਮੇਲਨਾਂ ਦੁਆਰਾ ਅਗਵਾਈ ਦੇ ਫਰਜ਼ਾਂ ਅਤੇ ਸਿਧਾਂਤਾਂ ਬਾਰੇ ਜਾਣਕਾਰੀ ਦੇ ਕੇ ਅਧਿਆਪਕਾਂ ਅਤੇ ਪਰਾਮਰਸ਼ਦਾਤਾਵਾਂ ਨੂੰ ਸਹਿਯੋਗ ਦੇ ਸਕਦਾ ਹੈ ਜੋ ਹਰੇਕ ਅਧਿਆਪਕ ਅਗਵਾਈ ਦੇ ਮਹੱਤਵ ਤੇ ਉਪਯੋਗਤਾ ਤੋਂ ਜਾਣੂ ਹੋ ਜਾਏ।

24. **ਯੋਗ ਭਾਸ਼ਣ :-**

ਮੁੱਖੀ ਨੂੰ ਚਾਹੀਦਾ ਹੈ ਕਿ ਉਹ ਸਕੂਲ ਵਿੱਚ ਉਹਨਾਂ ਵਿਅਕਤੀਆਂ ਦੇ ਭਾਸ਼ਣ ਕਰਵਾਏ ਜੋ ਜੀਵਨ ਦੇ ਕਿਸੇ ਪਹਿਲੂ ਜਾਂ ਅਧਿਆਏ ਕਿੱਤੇ ਵਿੱਚ ਮਾਹਿਰ ਹਨ। ਉਸਨੂੰ ਚਾਹੀਦਾ ਹੈ ਕਿ ਉਹ ਅਜਿਹੇ ਵਿਅਕਤੀ ਦੀ ਲਿਸਟ ਬਣਾਏ।

25. **ਕਿੱਤਾ ਸੰਮੇਲਨ :-**

ਸਕੂਲ ਦੇ ਮੁਖੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਹਰ ਸਾਲ ਘੱਟੋ ਘੱਟ ਇੱਕ ਕਿੱਤਾ ਸੰਮੇਲਨ ਆਯੋਜਿਤ ਕਰੇ। ਅਗਵਾਈ ਦੀ ਸਾਰੀ ਸੰਬੰਧੀ ਜਾਣਕਾਰੀ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

Scanned with CamScanner

26. **ਸੰਚਿਤ ਰਿਕਾਰਡ ਕਾਰਡ** :- ਸਕੂਲ ਦਾ ਮੁਖੀ ਸਕੂਲ ਦੇ ਹਰੇਕ ਵਿਦਿਆਰਥੀ ਦਾ ਸੰਚਿਤ ਰਿਕਾਰਡ ਕਾਰਡ ਤਿਆਰ ਕਰਵੇ। ਉਹ ਇਸ ਗੱਲ ਨੂੰ ਯਕੀਨੀ ਬਣਾਏ ਕਿ ਇਹ ਰਿਕਾਰਡ ਠੀਕ - ਠੀਕ ਭਰਿਆ ਜਾ ਰਿਹਾ ਹੈ।

27. **ਪਲਾਂਟ ਟੂਰਜ਼** :- ਮੁਖੀ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਕਿੱਤਿਆਂ ਸੰਬੰਧੀ ਸਿੱਧੇ ਅਤੇ ਵਾਸਤਵਿਕ ਅਨੁਭਵਾਂ ਦੀ ਜਾਣਕਾਰੀ ਦੇਣ ਲਈ ਵਿਗਿਆਨਿਕ ਸੰਸਥਾਵਾਂ, ਤਕਨੀਕੀ ਸੰਸਥਾਵਾਂ, ਸਿੱਖਿਆ ਸੰਸਥਾਵਾਂ, ਵਰਕਸ਼ਾਪਾਂ, ਕਾਰਖਾਨਿਆਂ, ਹਸਪਤਾਲਾਂ ਨਾਲ ਸੰਪਰਕ ਕਾਇਮ ਕਰੇ।

28. **ਫਿਲਮਾਂ** :- ਮੁਖੀ ਨੂੰ ਅਗਵਾਈ ਪ੍ਰੋਗ੍ਰਾਮ ਨੂੰ ਰੋਚਕ, ਪ੍ਰਭਾਵਸ਼ਾਲੀ ਅਤੇ ਹਰਮਨ ਪਿਆਰਾ ਬਣਾਉਣ ਲਈ ਫਿਲਮਾਂ ਵਿਖਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

29. **ਪ੍ਰਦਰਸ਼ਨੀਆਂ** :- ਮੁਖੀ ਨੂੰ ਮਹੱਤਵਪੂਰਨ ਕਿੱਤਿਆਂ ਨਾਲ ਸੰਬੰਧਿਤ ਕਿੱਤਈ ਜਾਣਕਾਰੀ ਦੇਣ ਲਈ ਪ੍ਰਦਰਸ਼ਨੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਪ੍ਰਦਰਸ਼ਨੀਆਂ ਵਿੱਚ ਚਾਰਟਾਂ ਅਤੇ ਪੋਸਟਰਾਂ ਰਾਹੀਂ ਵੀ ਸਿੱਖਿਆ ਅਤੇ ਕਿੱਤੇ ਸੰਬੰਧੀ ਜਾਣਕਾਰੀ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

30. **ਬੁਲੇਟਿਨ ਬੋਰਡ ਸੂਚਨਾਵਾਂ ਅਤੇ ਦੂਜੀਆਂ ਵਿਧੀਆਂ** :- ਮੁਖੀ ਨੂੰ ਚਾਹੀਦਾ ਹੈ ਕਿ ਉਹ ਬੁਲੇਟਿਨ ਬੋਰਡ ਸੂਚਨਾਵਾਂ ਅਤੇ ਦੂਜੀਆਂ ਵਿਧੀਆਂ ਦੀ ਅਗਵਾਈ ਸੰਬੰਧੀ ਸਿੱਖਿਆ ਅਤੇ ਕਿੱਤਈ ਜਾਣਕਾਰੀ ਦੇਣ ਵਿਚ ਵਰਤੋਂ ਕਰਵਾਏ।

Scanned with CamScanner

**Conclusion** :- ਸਖੀਆ ਸਕੂਲ ਵਿੱਚ ਅਗਵਾਈ ਪ੍ਰੋਗਰਾਮ ਦਾ ਹੋਣਾ, ਨਿਰਦੇਸ਼ਕ ਅਤੇ ਸੰਯੋਜਕ ਹੁੰਦਾ ਹੈ। ਹਰ ਆਧੁਨਿਕ ਸਕੂਲ ਵਿੱਚ ਅਗਵਾਈ ਪ੍ਰੋਗਰਾਮ ਦਾ ਪ੍ਰਮੁੱਖ ਵਿਅਕਤੀ ਹੋਇਆ ਹੈ। ਜਦੋਂ ਤੱਕ ਸਖੀਆਂ ਅਗਵਾਈ ਜਾਂ ਸੱਥ ਵਿਚ ਨਾਲ ਮਦਦ ਨਾ ਪ੍ਰਦਾਨ ਕਰੇ, ਕੋਈ ਵੀ ਅਗਵਾਈ ਪ੍ਰੋਗਰਾਮ ਸਫਲ ਨਹੀਂ ਹੋ ਸਕਦਾ। ਅਸਲ ਵਿਚ ਇਹ ਅਗਵਾਈ ਸੇਵਾਵਾਂ ਦੇ ਸੰਗਠਨ ਦੀ ਪਹਿਲ ਕਰਨ ਅਤੇ ਪ੍ਰਬੰਧ ਕਰਨ ਲਈ ਜ਼ਰੂਰੀ ਅਗਵਾਈ ਪ੍ਰਦਾਨ ਕਰਨ ਲਈ ਲੋਕਤਾਂਤਰਿਕ ਸਥਿਤੀ ਵਿੱਚ ਹੁੰਦਾ ਹੈ। ਸਖੀ ਅਗਵਾਈ ਪ੍ਰੋਗਰਾਮ ਸੰਬੰਧੀ ਅਤੇ ਵਿਭਿੰਨ ਸਮੱਸਿਆਵਾਂ ਸਮਝਣ ਵਿਚ ਘੱਟ ਤੋਂ ਘੱਟ ਆਧੁਨਿਕ ਸਕੂਲ ਦੇ ਅਧਿਆਪਕਾਂ ਦੀ ਮਦਦ ਕਰ ਸਕਦਾ ਹੈ।